# ਬੱਚਿਆਂ ਲਈ ਬਾਈਬਲ

ਉਪੱਸਥਿਤ



# ਖੂਹ ਉੱਤੇ ਔਰਤ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਯਿਸੂ ਅਤੇ ਉਸਦੇ ਚੇਲੇ ਸਾਮਰੀਆ ਨਗਰ ਦੇ ਵਿੱਚੋਂ ਦੀ ਜਾ ਰਹੇ ਸੀਂ। ਉਹ ਨਗਰ ਨੂੰ ਗਏ ਜੋ ਸੁਖਾਰ ਕਹਾਉਂਦਾ ਸੀ।



ਉੱਥੇ ਇੱਕ ਖੂਹ ਸੀਂ, ਜਿੱਥੋਂ ਸੁਖਾਰ ਦੇ ਲੋਕ ਆਪਣੇ ਪੀਣ ਲਈ ਪਾਣੀ ਭਰਦੇ ਸੀਂ। ਬਹੁਤ ਸਮਾਂ ਪਹਿਲਾਂ ਇਹ ਖੂਹ ਇਸਰਾਏਲੀਆਂ ਦੇ ਪਿਤਾ ਯਾਕੂਬ ਨੇਂ ਪੁੱਟਿਆ ਸੀਂ।



ਸਾਞਰੇ ਦੁਪਹਿਰ ਦਾ ਸਮਾਂ ਸ਼ਾਇਦ ਧੁੱਪ ਵਾਲਾ ਅਤੇ ਗਰਮ ਸੀ। ਥੱਕੇ ਹੋਏ ਅੰਦਾਜ ਵਿੱਚ, ਯਿਸੂ ਖੂਹ ਦੇ ਲਾਗੇ ਬੈਠ ਗਿਆ ਜਦਕਿ ਉਸਦੇ ਚੇਲੇ ਭੋਜਨ ਖਰੀਦਣ ਲਈ ਸੁਖਾਰ ਨੂੰ ਚਲੇ ਗਏ।





ਯਿਸੂ ਉੱਥੇ ਇਕੱਲਾ ਸੀਂ - ਪਰ ਜਿਆਦਾ ਦੇਰ ਲਈ ਨਹੀਂ। ਇੱਕ ਔਰਤ ਜਿਹੜੀ ਸੁਖਾਰ ਵਿੱਚ ਰਹਿੰਦੀ ਸੀਂ ਪਾਣੀ ਭਰਨ ਲਈ ਆਈ।

ਯਿਸੂ ਨੇਂ ਉਸਨੂੰ ਆਖਿਆ, “ਮੈਨੂੰ ਪਾਣੀ ਦੇਹ।”

ਔਰਤ ਹੈਰਾਨ ਹੋ ਗਈ। ਉਸਨੇਂ ਆਖਿਆ, “ਭਲਾਂ ਤੂੰ ਯਹੂਦੀ ਹੋ ਕੇ ਮੇਰੇ ਕੋਲੋਂ ਜੋ ਸਾਮਰੀ ਔਰਤ ਹਾਂ ਪੀਣ ਨੂੰ ਕਿਵੇਂ ਮੰਗ ਸਕਦਾ ਹੈਂ।” ਉਹਨਾਂ ਦਿਨਾਂ ਵਿੱਚ, ਯਹੂਦੀ ਸਾਮਰੀਆਂ ਨਾਲ ਨਹੀਂ ਵਰਤਦੇ ਸਨ!



ਲੱਗਭੱਗ ਔਰਤ ਉਦੋਂ ਜਿਆਦਾ ਹੈਰਾਨ ਹੋਈ ਹੋਵੇਗੀ ਜਦੋਂ ਯਿਸੂ ਨੇਂ ਉਸ ਨੂੰ ਕਿਹਾ, “ਜੇਕਰ ਤੂੰ ਮੈਨੂੰ ਜਾਣਦੀ ਮੈਂ ਕੌਣ ਹਾਂ, ਤੂੰ ਮੇਰੇ ਤੋਂ ਜੀਵਨ ਦਾ ਜਲ ਮੰਗਦੀ।”



ਔਰਤ ਨੇਂ ਯਿਸੂ ਨੂੰ
ਆਖਿਆ, “ਗੁਰੂ
ਜੀ, ਖੂਹ ਡੂੰਘਾ ਹੈ
ਅਤੇ ਤੁਹਾਡੇ ਕੋਲ
ਪਾਣੀ ਕੱਢਣ ਲਈ
ਕੁਝ ਵੀ ਨਹੀ। ਤਾਂ
ਤੁਸੀਂ ਕਿਥੋਂ ਜੀਵਨ
ਦਾ ਜਲ ਲਿਆਂਵੋਗੇ? ਕੀ ਤੁਸੀਂ
ਸਾਡੇ ਪਿਤਾ ਯਾਕੂਬ ਤੋਂ ਮਹਾਨ ਜੇ,
ਜਿਹਨਾਂ ਸਾਨੂੰ ਇਹ ਖੂਹ ਦਿੱਤਾ...?







ਯਿਸੂ ਨੇਂ ਔਰਤ ਨੂੰ ਆਖਿਆ, “ਜੋ ਕੋਈ
ਇਸ ਪਾਣੀ ਵਿੱਚੋਂ ਪੀਵੇਗਾ ਉਹ
ਫਿਰ ਪਿਆਸਾ ਹੋਵੇਗਾ।”
“ਪਰ ਜੋ ਕੋਈ ਮੇਰਾ ਦਿੱਤਾ
ਹੋਇਆ ਜਲ ਪੀਵੇਗਾ ਸੋ
ਸਦੀਪਕ ਕਾਲ ਤੱਕ
ਪਿਆਸਾ ਨਹੀਂ
ਹੋਵੇਗਾ।



ਜੋ ਜਲ ਮੈਂ ਉਹਨੂੰ ਦੇਵਾਂਗਾ ਉਹ ਦੇ ਵਿੱਚ ਜਲ ਦਾ ਇੱਕ ਸੋਮਾ ਬਣ ਜਾਵੇਗਾ ਜੋ ਅਨੰਤ ਜੀਵਨ ਤੱਕ ਉਛਲਦਾ ਰਹੇਗਾ।” ਔਰਤ ਨੇਂ ਆਖਿਆ, “ਗੁਰੂ ਜੀ, ਇਹ ਜਲ ਮੈਨੂੰ ਦਿਓ ...।”

ਯਿਸੂ ਨੇਂ ਔਰਤ ਨੂੰ ਆਖਿਆ ਜਾ ਆਪਣੇ ਪਤੀ ਨੂੰ ਸੱਦ ਲਿਆ। ਔਰਤ ਨੇਂ ਉੱਤਰ ਦਿੱਤਾ, “ਮੇਰਾ ਪਤੀ ਹੈ ਨਹੀਂ।” “ਤੂੰ ਪੰਜ ਪਤੀ ਕਰ ਚੁੱਕੀ ਹੈਂ,” ਯਿਸੂ ਨੇਂ ਆਖਿਆ। “ਅਤੇ ਜਿਹੜਾ ਹੁਣ ਤੇਰੇ ਕੋਲ ਹੈ ਉਹ ਤੇਰਾ ਪਤੀ ਨਹੀਂ।”



ਔਰਤ ਨੇਂ ਪਹਿਚਾਣ ਲਿਆ ਕੀ ਯਿਸੂ ਇੱਕ ਨਬੀ ਹੈ। ਉਸਨੇਂ ਉਸ ਨਾਲ ਵਾਦ ਵਿਵਾਦ ਦੁਆਰਾ ਜਾਨਣ ਦੀ ਕੋਸ਼ਿਸ਼ ਕੀਤੀ ਕੀ ਪਰਮੇਸ਼ਵਰ ਦੀ ਉਪਾਸਨਾ ਕਿੱਥੇ ਕਰਨੀ ਚਾਹੀਦੀ ਹੈ: ਯਰੂਸ਼ਲਮ ਵਿੱਚ ਜਾਂ ਸਾਮਰੀਆ ਦੇ ਪਵਿੱਤਰ ਪਹਾੜ ਉੱਤੇ।



ਯਿਸੂ ਨੇਂ ਆਖਿਆ ਸੱਚੇ ਉਪਾਸਕ ਪਿਤਾ ਦੀ ਉਪਾਸਨਾ ਆਤਮਾਂ ਅਤੇ ਸਚਾਈ ਨਾਲ ਕਰਦੇ ਹਨ।



ਔਰਤ ਨੇਂ ਯਿਸੂ ਨੂੰ ਕਿਹਾ, “ਮੈਂ ਜਾਣਦੀ ਹਾਂ ਕੀ ਮਸੀਹਾ ਆ ਰਿਹਾ ਹੈ।” “ਜਦ ਉਹ ਆਵੇਗਾ, ਤਾਂ ਸਾਨੂੰ ਸਭ ਕੁਝ ਦੱਸੇਗਾ।” ਯਿਸੂ ਨੇਂ ਔਰਤ ਨੂੰ ਆਖਿਆ, “ਮੈਂ ਜੋ ਤੇਰੇ ਨਾਲ ਬੋਲਦਾ ਹਾਂ ਉਹੋ ਹੀ ਹਾਂ।” ਇੰਨੇ ਨੂੰ ਉਸਦੇ ਚੇਲੇ ਆ ਗਏ। ਔਰਤ ਆਪਣਾ ਪਾਣੀ ਵਾਲਾ ਮਹਿੰਗਾ ਘੜਾ ਖੂਹ ਕੋਲ ਛੱਡ ਕੇ ਸ਼ਹਿਰ ਨੂੰ ਵਾਪਸ ਚਲੀ ਗਈ।



ਔਰਤ ਨੇਂ ਸੁਖਾਰ ਦੇ ਮਨੁੱਖਾਂ ਨੂੰ ਆਖਿਆ,
"ਚੱਲੋ ਇੱਕ ਮਨੁੱਖ ਨੂੰ
ਵੇਖੋ ਜਿਹ ਨੇਂ ਜੋ ਕੁਝ ਮੈਂ
ਕੀਤਾ ਹੈ ਸਭੋ ਮੈਨੂੰ ਦੱਸ
ਦਿੱਤਾ।" "ਇਹ
ਕਿਤੇ ਮਸੀਹ ਤਾਂ
ਨਹੀਂ?" ਲੋਕ
ਸ਼ਹਿਰ ਨੂੰ ਛੱਡ
ਕੇ ਚੱਲ ਪਏ ਕੀ
ਯਿਸੂ ਨੂੰ ਆਪ
ਵੇਖਣ।



ਏਨੇ ਨੂੰ, ਚੇਲਿਆਂ ਨੇਂ ਯਿਸੂ ਨੂੰ ਭੋਜਨ ਕਰਨ ਲਈ ਆਖਿਆ। ਪਰ ਯਿਸੂ ਨੇਂ ਕਿਹਾ, “ਮੇਰਾ ਭੋਜਨ ਇਹ ਹੈ ਕੀ ਮੈਂ ਆਪਣੇ ਭੇਜਣ ਵਾਲੇ ਦੀ ਮਰਜੀ ਉੱਤੇ ਚੱਲਾਂ ਅਤੇ ਉਹਦਾ ਕੰਮ ਸੰਪੂਰਣ ਕਰਾਂ।” ਉਸਦਾ ਕੰਮ ਇਹ ਸੀਂ ਕੀ ਲੋਕਾਂ ਨੂੰ ਪਰਮੇਸ਼ਵਰ ਦੇ ਕੋਲ ਲਿਆਵੇ।



ਬਹੁਤ ਸਾਰੇ ਸਾਮਰੀਆਂ ਨੇਂ ਉਸ ਔਰਤ ਦੇ ਕਹਿਣੇ ਕਰਕੇ ਉਸ ਉੱਤੇ ਵਿਸ਼ਵਾਸ਼ ਕੀਤਾ। ਉਹਨਾਂ ਨੇਂ ਯਿਸੂ ਨੂੰ ਆਪਣੇ ਕੋਲ ਠਹਿਰਣ ਲਈ ਆਖਿਆ; ਅਤੇ ਉਹ ਦੋ ਦਿਨ ਉੱਥੇ ਰਿਹਾ।



ਬਹੁਤ ਸਾਰਿਆਂ ਨੇਂ ਉਹਦੇ ਵਚਨ ਦੇ ਕਾਰਨ ਨਿਹਚਾ ਕੀਤੀ। ਉਹਨਾਂ ਆਖਿਆ, "... ਹੁਣ



ਅਸਾਂ ਆਪ ਸੁਣਿਆ ਹੈ ਅਤੇ ਜਾਣਦੇ ਹਾਂ ਕੀ ਇਹ ਸੱਚ ਮੁੱਚ ਮਸੀਹ ਅਤੇ ਇਹ ਜਗਤ ਦਾ ਤਾਰਨਹਾਰਾ ਹੈ।"

# ਖੂਹ ਉੱਤੇ ਔਰਤ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂੰਨਾ ਦੀ ਇੰਜੀਲ 4

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16